# ਪੇਂਟਰ/ਡੈਕੋਰੇਟਰ

## ਇਸ ਕਿੱਤੇ ਬਾਰੇ

ਪੇਂਟਰ/ਡੈਕੋਰੇਟਰ, ਕਮਰਸ਼ੀਅਲ, ਸੰਸਥਾਈ ਅਤੇ ਇੰਡਸਟਰੀਅਲ ਮਾਹੌਲਾਂ ਵਿਚ ਸਜਾਵਟੀ ਅਤੇ ਹਿਫਾਜ਼ਤੀ ਅੰਤਿਮ ਛੋਹਾਂ ਦਿੰਦੇ ਹਨ। ਉਹ ਪੇਂਟ, ਜ਼ਿਆਦਾ ਹੰਢਣਸਾਰ ਕੋਟਿੰਗਜ਼, ਵਾਟਰਪਰੂਫਿੰਗ, ਫਾਇਰਪਰੂਫਿੰਗ, ਵਾਰਨਿਸ਼, ਸ਼ੈਲਿਕ, ਵਾਲ ਕਾਵਰਿੰਗਜ਼, ਅਤੇ ਖਾਸ ਫਿਨਿਸ਼ਿਜ਼ ਵਰਗੀਆਂ ਸਾਮੱਗਰੀਆਂ ਦੀ ਵਰਤੋਂ ਕੀਤੇ ਜਾਣ ਤੋਂ ਪਹਿਲਾਂ ਵੱਖ ਵੱਖ ਬਾਹਰੀ ਹਿੱਸਿਆਂ (ਲੱਕੜੀ, ਇੱਟਾਂ ਦਾ ਕੰਮ, ਡਰਾਈਵਾਲ, ਪਲਾਸਤਰ, ਕੰਕਰੀਟ, ਸਿੰਥੈਟਿਕਸ, ਸਟੱਕੋ ਅਤੇ ਮੈਟਲ) ਨੂੰ ਤਿਆਰ ਕਰਦੇ ਹਨ।



"ਮੈਨੂੰ ਮਾਣ ਕਰਨ ਯੋਗ ਵਸਤ ਤਿਆਰ ਕਰਨ ਲਈ ਹਰ ਰੋਜ਼ ਆਪਣੀ ਕ੍ਰੀਏਟੇਵਿਟੀ ਅਤੇ ਹੁਨਰਾਂ ਦੀ ਵਰਤੋਂ ਕਰਨ `ਤੇ ਮਾਣ ਹੈ।"

**$18.00-$42.00 /ਪ੍ਰਤੀ ਘੰਟਾ**

*2020 ਦੇ ਰੇਟ

**ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)**

2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ✓ ਤੁਸੀਂ ਵੇਰਵੇ ਨੂੰ ਸਮਝਦੇ ਹੋ।
- ✓ ਤੁਸੀਂ ਕ੍ਰੀਏਟਿਵ ਹੋ।
- ✓ ਤੁਸੀਂ ਉਚਾਈਆਂ `ਤੇ ਕੰਮ ਕਰਨ ਵਿਚ ਆਰਾਮਦੇਹ ਹੋ।

## ਜ਼ਿੰਮੇਵਾਰੀਆਂ

- ਵੱਖ ਵੱਖ ਕਿਸਮਾਂ ਦੇ ਸਪਰੇਅ ਪੰਪ, ਸਪਰੇਅ ਗੰਨਾਂ, ਪਰੈਸ਼ਰ ਵਾਸ਼ਿੰਗ ਦਾ ਸਾਜ਼-ਸਾਮਾਨ ਅਤੇ ਸੈਂਡ ਬਲਾਸਟਿੰਗ ਦਾ ਸਾਜ਼-ਸਾਮਾਨ ਅਤੇ ਇਨ੍ਹਾਂ ਨਾਲ ਸੰਬੰਧਿਤ ਹਿੱਸੇ ਵਰਤਣਾ, ਉਨ੍ਹਾਂ ਦੀ ਸੰਭਾਲ ਅਤੇ ਰਿਪੇਅਰ ਕਰਨਾ
- ਬਲੂਪ੍ਰਿੰਟ ਪੜ੍ਹਨਾ ਅਤੇ ਇਨ੍ਹਾਂ ਦੇ ਮਤਲਬ ਸਮਝਣਾ
- ਬਾਹਰੀ ਹਿੱਸਿਆਂ ਨੂੰ ਰਿਪੇਅਰ, ਸਾਫ ਅਤੇ ਤਿਆਰ ਕਰਨਾ
- ਬਿਲਡਿੰਗਾਂ ਅਤੇ ਢਾਂਚਿਆਂ ਦੇ ਅੰਦਰਲੇ ਅਤੇ ਬਾਹਰੀ ਹਿੱਸਿਆਂ ਉੱਪਰ ਪੇਂਟ, ਵਾਲਪੇਪਰ ਅਤੇ ਹੋਰ ਫਿਨਿਸ਼ਿਜ਼ ਵਰਤਣਾ
- ਨਿਰਮਾਤਾ ਦੀਆਂ ਹਿਦਾਇਤਾਂ ਮੁਤਾਬਕ ਕੋਟਿੰਗਜ਼ ਨੂੰ ਮਿਕਸ ਕਰਨਾ
- ਨਿਰਮਾਤਾ ਦੀਆਂ ਹਿਦਾਇਤਾਂ ਅਤੇ ਸਥਾਨਕ ਨਿਯਮਾਂ ਮੁਤਾਬਕ ਪੇਂਟਸ, ਕੋਟਿੰਗਜ਼ ਅਤੇ ਘੋਲਾਂ ਨੂੰ ਟਿਕਾਣੇ ਲਗਾਉਣਾ ਅਤੇ ਰੀਸਾਇਕਲ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**

- ਘੱਟੋ ਘੱਟ ਗਰੇਡ 10, ਗਰੇਡ 12 ਨੂੰ ਤਰਜੀਹ

**ਅਪਰੈਂਟਿਸਸ਼ਿਪ ਪ੍ਰੋਗਰਾਮ:**

4 ਸਾਲ ਦੀ ਟਰੇਨਿੰਗ, ਜਿਸ ਵਿਚ 5,400 ਘੰਟਿਆਂ ਦੀ ਕੰਮ `ਤੇ ਆਧਾਰਿਤ ਟਰੇਨਿੰਗ ਅਤੇ 18 ਹਫਤਿਆਂ ਦੀ ਟੈਕਨੀਕਲ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ
- ਸਮੱਸਿਆ ਦਾ ਹੱਲ ਕਰਨ ਅਤੇ ਪਲੈਨਿੰਗ ਦੇ ਵਧੀਆ ਹੁਨਰ
- ਕ੍ਰੀਏਟੇਵਿਟੀ ਅਤੇ ਵੇਰਵੇ ਦੀ ਸੂਝ
- ਚੰਗੀ ਸਰੀਰਕ ਹਾਲਤ ਅਤੇ ਝੁਕਣ ਅਤੇ ਸਟਰੈਚ ਕਰਨ ਦੀ ਸਮਰੱਥਾ
- ਅੰਦਰ ਅਤੇ ਬਾਹਰ ਕੰਮ ਕਰਨ ਦੀ ਸਮਰੱਥਾ

## ਕੀ ਤੁਹਾਨੂੰ ਪਤਾ ਸੀ?

ਮਨੁੱਖ 30,000 ਸਾਲਾਂ ਤੋਂ ਪੇਂਟ ਕਰਦੇ ਆਏ ਰਹੇ ਹਨ! ਅੱਜਕੱਲ, ਪੇਂਟਰ/ਡੈਕੋਰੇਟਰ ਆਪਣੇ ਕੰਮ ਦੇ ਹਿੱਸੇ ਵਜੋਂ ਇਨਟੀਰੀਅਰ ਡਿਜ਼ਾਈਨਰਾਂ ਅਤੇ ਆਰਕੀਟੈਕਟਾਂ ਨਾਲ ਸਹਿਯੋਗ ਕਰ ਸਕਦੇ ਹਨ।

College of the BC Building Trades

info@collegeofthebcbt.ca | www.collegeofthebcbt.ca